# ਐਮਰਜੈਂਸੀ ਵਿੱਚ ਸਥਾਨ ਖਾਲੀ ਕਰਕੇ ਇਕੱਠੇ ਹੋਣ ਦੇ ਬਿੰਦੂ

*ਮਸਟਰ ਪੁਆਇੰਟ ਅਜਿਹੀ ਸੁਰੱਖਿਅਤ ਇਕੱਠੇ ਹੋਣ ਵਾਲੀ ਜਗ੍ਹਾ ਹੁੰਦੀ ਹੈ ਜਿੱਥੇ ਤੁਹਾਡੇ ਸਾਰੇ ਕਰਮਚਾਰੀ ਅਤੇ ਤੁਹਾਡੇ ਕਾਰਜ-ਸਥਾਨ 'ਤੇ ਹਾਜ਼ਰ ਹਰ ਕੋਈ ਵਿਅਕਤੀ ਐਮਰਜੈਂਸੀ ਵਿੱਚ ਸਥਾਨ ਖਾਲੀ ਕਰਨ ਦੀ ਸਥਿਤੀ ਵਿੱਚ ਇਕੱਠੇ ਹੋ ਸਕਦੇ ਹਨ।*

ਮਸਟਰ ਪੁਆਇੰਟ ਅਜਿਹੀ ਸੁਰੱਖਿਅਤ ਇਕੱਠੇ ਹੋਣ ਵਾਲੀ ਜਗ੍ਹਾ ਹੁੰਦੀ ਹੈ ਜਿੱਥੇ ਤੁਹਾਡੇ ਸਾਰੇ ਕਰਮਚਾਰੀ ਅਤੇ ਤੁਹਾਡੇ ਕਾਰਜ-ਸਥਾਨ 'ਤੇ ਹਾਜ਼ਰ ਹਰ ਕੋਈ ਵਿਅਕਤੀ ਐਮਰਜੈਂਸੀ ਵਿੱਚ ਸਥਾਨ ਖਾਲੀ ਕਰਨ ਦੀ ਸਥਿਤੀ ਵਿੱਚ ਇਕੱਠੇ ਹੋ ਸਕਦੇ ਹਨ।

**ਸਥਾਨ ਖਾਲੀ ਕਰਨਾ**

ਜੋਖ਼ਮ ਦਾ ਮੁਲਾਂਕਣ ਕਰਨਾ ਇੱਕ ਚੰਗਾ ਪਹਿਲਾ ਕਦਮ ਹੈ!

1. ਇਹ ਨਿਰਧਾਰਤ ਕਰੋ ਕਿ ਤੁਹਾਡੇ ਕਾਰਜ-ਸਥਾਨ 'ਤੇ ਕਿਸ ਤਰ੍ਹਾਂ ਦੀਆਂ ਐਮਰਜੈਂਸੀਆਂ ਹੋ ਸਕਦੀਆਂ ਹਨ ਜਿਨ੍ਹਾਂ ਕਰਕੇ ਸਥਾਨ ਨੂੰ ਖਾਲੀ ਕਰਨ ਦੀ ਲੋੜ ਹੁੰਦੀ ਹੈ।
2. ਉਹਨਾਂ ਖ਼ਤਰਿਆਂ ਦੀ ਪਛਾਣ ਕਰੋ ਜੋ ਮਸਟਰ ਪੁਆਇੰਟ 'ਤੇ ਪਹੁੰਚਣ ਲਈ ਸਾਰੇ ਕੰਮ ਵਾਲੇ ਖੇਤਰਾਂ ਨੂੰ ਖਾਲੀ ਕਰਨ ਦੀ ਪ੍ਰਕਿਰਿਆ ਦੌਰਾਨ ਸਾਹਮਣੇ ਆ ਸਕਦੇ ਹਨ।
3. ਜੋਖ਼ਮ ਦਾ ਮੁਲਾਂਕਣ ਕਰੋ: ਕੀ ਇਹ ਸਵੀਕਾਰਯੋਗ ਹੈ ਜਾਂ ਹੋਰ ਕਾਰਵਾਈਆਂ ਦੀ ਲੋੜ ਹੈ?
4. ਸੱਟ ਜਾਂ ਬਿਮਾਰੀ ਦੇ ਜੋਖ਼ਮ ਨੂੰ ਖਤਮ ਕਰਨ ਜਾਂ ਘਟਾਉਣ ਲਈ ਲੋੜੀਂਦੇ ਕਦਮਾਂ ਨੂੰ ਲਾਗੂ ਕਰੋ।

**ਮਸਟਰ ਪੁਆਇੰਟ ਦਾ ਟਿਕਾਣਾ**

ਮਸਟਰ ਪੁਆਇੰਟ ਦਾ ਟਿਕਾਣਾ ਨਿਰਧਾਰਤ ਕਰਦੇ ਸਮੇਂ, ਵਿਚਾਰ ਕਰਨ ਲਈ ਕੁਝ ਕਾਰਕ ਹਨ:

*ਪਹੁੰਚਯੋਗਤਾ ਅਤੇ ਆਕਾਰ*


ਐਮਰਜੈਂਸੀ ਨਿਕਾਸਾਂ ਦੇ ਨੇੜੇ ਦੇ ਖੇਤਰਾਂ ਦਾ ਮੁਲਾਂਕਣ ਕਰਕੇ ਸ਼ੁਰੂ ਕਰੋ ਜੋ ਏਨੇ ਵੱਡੇ ਹੋਣ ਕਿ ਤੁਹਾਡੀ ਕੰਪਨੀ ਲਈ ਗਾਹਕਾਂ, ਮੁਲਾਕਾਤੀਆਂ ਅਤੇ ਠੇਕੇਦਾਰਾਂ ਸਮੇਤ ਸਾਰੇ ਕਰਮਚਾਰੀਆਂ ਨੂੰ ਸਮਾ ਸਕਦੇ ਹੋਣ। ਇਸ ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਕਈ ਮਸਟਰ ਪੁਆਇੰਟਾਂ ਦੀ ਲੋੜ ਹੋ ਸਕਦੀ ਹੈ।

*ਖ਼ਤਰੇ ਜਿਨ੍ਹਾਂ ਤੋਂ ਬਚਣ ਦੀ ਲੋੜ ਹੈ*

- ਟ੍ਰੈਫਿਕ
- ਓਵਰਹੈੱਡ ਪਾਵਰਲਾਈਨਾਂ
- ਫਿਊਲ ਟੈਂਕ
- ਬੰਦ ਸਿਰੇ (ਆਪਣੇ ਆਪ ਨੂੰ ਯਾਰਡ ਵਿੱਚ ਨਾ ਫਸਾ ਲਵੋ)
- ਰਸਾਇਣਕ ਖਤਰੇ (ਵਿਕਲਪਕ ਮਸਟਰ ਪੁਆਇੰਟ ਦੇ ਨਾਲ ਹਵਾ ਦੀ ਦਿਸ਼ਾ 'ਤੇ ਵਿਚਾਰ ਕਰੋ)
- ਐਮਰਜੈਂਸੀ ਰਿਸਪਾਂਸ ਲੇਨਾਂ/ਖੇਤਰ (ਐਮਰਜੈਂਸੀ ਵਿੱਚ ਪ੍ਰਤਿਕਿਰਿਆ ਕਰਨ ਵਾਲਿਆਂ ਦੇ ਰਸਤੇ ਤੋਂ ਦੂਰ ਰਹੋ)
- ਮਾੜਾ ਸੰਚਾਰ (ਮਲਟੀਪਲ ਮਸਟਰ ਪੁਆਇੰਟਾਂ ਅਤੇ ਐਮਰਜੈਂਸੀ ਵਿੱਚ ਪ੍ਰਤਿਕਿਰਿਆ ਕਰਨ ਵਾਲਿਆਂ ਵਿਚਕਾਰ)

*ਸਾਈਨ-ਬੋਰਡ*

ਇੱਕ ਵਾਰ ਮਸਟਰ ਪੁਆਇੰਟ ਨਿਰਧਾਰਤ ਕਰਨ ਤੋਂ ਬਾਅਦ, ਸਾਈਨ-ਬੋਰਡ ਲਗਾਓ ਅਤੇ ਸਥਾਨ ਖਾਲੀ ਕਰਨ ਦੇ ਫਲੋਰ ਨਕਸ਼ਿਆਂ ਨੂੰ ਅੱਪਡੇਟ ਕਰੋ। ਮਸਟਰ ਪੁਆਇੰਟ ਦਾ ਸਾਈਨ-ਬੋਰਡ ਏਨਾ ਉੱਚਾ ਹੋਣਾ ਚਾਹੀਦਾ ਹੈ ਕਿ ਇਹ ਪੈਦਲ ਤੁਰਨ ਵਾਲਿਆਂ, ਜਾਂ ਵਾਹਨਾਂ ਦੀ ਆਵਾਜਾਈ ਦੁਆਰਾ ਲੁਕ ਨਾ ਜਾਵੇ, ਅਤੇ ਏਨਾ ਵੱਡਾ ਹੋਵੇ ਕਿ ਮਾੜੀ ਰੋਸ਼ਨੀ ਵਾਲੀਆਂ ਸਥਿਤੀਆਂ ਵਿੱਚ ਦਿਖਾਈ ਦੇ ਸਕੇ।




*ਇਮਾਰਤ ਤੋਂ ਦੂਰੀ*

ਮਸਟਰ ਪੁਆਇੰਟ ਕਿਸੇ ਵੀ ਇਮਾਰਤ ਤੋਂ ਸੁਰੱਖਿਅਤ ਦੂਰੀ 'ਤੇ ਹੋਣਾ ਚਾਹੀਦਾ ਹੈ। ਸਭ ਤੋਂ ਵਧੀਆ ਅਭਿਆਸ ਇਮਾਰਤ ਦੀ ਉਚਾਈ ਪਤਾ ਕਰਨਾ ਹੈ ਅਤੇ ਫਿਰ ਉਸ ਨੂੰ 1.5 ਨਾਲ ਗੁਣਾ ਕਰਨਾ ਹੈ। ਇਸ ਦੂਰੀ ਨੂੰ ਘੱਟੋ-ਘੱਟ ਦੂਰੀ ਦੇ ਦਿਸ਼ਾ-ਨਿਰਦੇਸ਼ ਵਜੋਂ ਵਰਤੋ। ਐਮਰਜੈਂਸੀ ਦੌਰਾਨ ਮਸਟਰ ਪੁਆਇੰਟ ਨੂੰ ਲੋੜ ਅਨੁਸਾਰ ਹੋਰ ਪਿੱਛੇ ਧੱਕਿਆ ਜਾ ਸਕਦਾ ਹੈ।


RISK. PROFESSIONALLY MANAGED.

ਫ਼ੋਨ: 204-632-6600 | ਈਮੇਲ: info@rpmsafety.ca | ਵੈੱਬ: www.rpmsafety.ca

ਪਤਾ: 25 Bunting Street Winnipeg, MB R2X 2P5

TRUCKING INDUSTRY SAFETY

# ਐਮਰਜੈਂਸੀ ਵਿੱਚ ਸਥਾਨ ਖਾਲੀ ਕਰਕੇ ਇਕੱਠੇ ਹੋਣ ਦੇ ਬਿੰਦੂ

*ਮਸਟਰ ਪੁਆਇੰਟ ਅਜਿਹੀ ਸੁਰੱਖਿਅਤ ਇਕੱਠੇ ਹੋਣ ਵਾਲੀ ਜਗ੍ਹਾ ਹੁੰਦੀ ਹੈ ਜਿੱਥੇ ਤੁਹਾਡੇ ਸਾਰੇ ਕਰਮਚਾਰੀ ਅਤੇ ਤੁਹਾਡੇ ਕਾਰਜ-ਸਥਾਨ 'ਤੇ ਹਾਜ਼ਰ ਹਰ ਕੋਈ ਵਿਅਕਤੀ ਐਮਰਜੈਂਸੀ ਵਿੱਚ ਸਥਾਨ ਖਾਲੀ ਕਰਨ ਦੀ ਸਥਿਤੀ ਵਿੱਚ ਇਕੱਠੇ ਹੋ ਸਕਦੇ ਹਨ।*

## ਸਥਾਨ ਖਾਲੀ ਕਰਨ ਦੇ ਡ੍ਰਿਲ




ਜਾਣ-ਪਛਾਣ ਅਤੇ ਚੱਲ ਰਹੀ ਸਿਖਲਾਈ ਦੌਰਾਨ ਮਸਟਰ ਪੁਆਇੰਟ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ। ਹਰ ਕਿਸੇ ਨੂੰ ਇਸ ਬਾਰੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਕਿ ਐਮਰਜੈਂਸੀ ਵਿੱਚ ਸਥਾਨ ਖਾਲੀ ਕਰਨ ਦੀ ਸਥਿਤੀ ਵਿੱਚ ਕੀ ਕਰਨਾ ਹੈ, ਅਤੇ ਕਿੱਥੇ ਜਾਣਾ ਹੈ।

ਇਹ ਨਿਰਧਾਰਤ ਕਰਨ ਦਾ ਸਭ ਤੋਂ ਵਧੀਆ ਤਰੀਕਾ, ਕਿ ਕੀ ਯੋਜਨਾ ਨੂੰ ਕਿਸੇ ਸੋਧਾਂ ਦੀ ਲੋੜ ਹੈ, ਇੱਕ ਐਮਰਜੈਂਸੀ ਵਿੱਚ ਸਥਾਨ ਖਾਲੀ ਕਰ ਦੀ ਡ੍ਰਿਲ ਕਰਨਾ ਹੈ। ਜਿੱਥੇ ਸਥਾਨ ਖਾਲੀ ਕਰਨਾ ਜਾਂ ਐਮਰਜੈਂਸੀ ਡ੍ਰਿਲ ਕੀਤੀ ਜਾਣੀ ਹੈ ਉਸ ਇਮਾਰਤ ਬਾਰੇ ਸਥਾਨਕ ਫਾਇਰ ਡਿਪਾਰਟਮੈਂਟ ਨੂੰ ਡ੍ਰਿਲ ਦੀ ਮਿਤੀ ਅਤੇ ਸਮੇਂ ਤੋਂ ਘੱਟੋ-ਘੱਟ 24 ਘੰਟੇ ਪਹਿਲਾਂ ਸੂਚਿਤ ਕਰੋ।

ਡ੍ਰਿਲ ਕਰਦੇ ਸਮੇਂ ਹੇਠ ਦਿੱਤੀ ਜਾਣਕਾਰੀ ਦਰਜ ਕਰੋ:

- ਡ੍ਰਿਲ ਦੀ ਮਿਤੀ ਅਤੇ ਸਮਾਂ
- ਇਮਾਰਤ ਨੂੰ ਖਾਲੀ ਕਰਨ ਲਈ ਲੱਗਣ ਵਾਲਾ ਸਮਾਂ
- ਸਧਾਰਨ ਟਿੱਪਣੀਆਂ
  - » ਪਛਾਣੇ ਗਏ ਖਤਰੇ
  - » ਹਾਜ਼ਰੀ
  - » ਇੱਕ ਤੋਂ ਵੱਧ ਮਸਟਰ ਪੁਆਇੰਟਾਂ ਵਿਚਕਾਰ ਸੰਚਾਰ

## ਕਾਨੂੰਨ (ਸੰਘੀ)

ਕੈਨੇਡਾ ਅਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨਜ਼, ਭਾਗ XVII ਕਾਰਜ-ਸਥਾਨ 'ਤੇ ਸੁਰੱਖਿਅਤ ਤਰੀਕੇ ਨਾਲ ਰਹਿਣਾ

## ਕੀ ਤੁਸੀਂ ਹੋਰ ਜਾਣਕਾਰੀ ਲੱਭ ਰਹੇ ਹੋ? RPM ਮਦਦ ਕਰ ਸਕਦਾ ਹੈ!

ਤੁਹਾਡੀ OHS ਯੋਜਨਾ ਨੂੰ ਸਮਰਥਨ ਦੇਣ ਵਿੱਚ ਮਦਦ ਕਰਨ ਲਈ RPM ਕਈ ਕੋਰਸਾਂ ਦੀ ਪੇਸ਼ਕਸ਼ ਕਰਦਾ ਹੈ। ਜੇ ਇਹ ਲੇਖ ਤੁਹਾਡੇ ਲਈ ਜਾਂ ਤੁਹਾਡੀ ਸੰਸਥਾ ਵਿੱਚ ਹੋਰਾਂ ਲਈ ਮੁੱਲਵਾਨ ਸੀ, ਤਾਂ ਤੁਸੀਂ ਹੇਠ ਲਿਖਿਆਂ 'ਤੇ ਵਿਚਾਰ ਕਰਨਾ ਚਾਹ ਸਕਦੇ ਹੋ:

- ਕਾਰਜ ਅਸਥਾਨ ਨਿਰੀਖਣ ਸਿਖਲਾਈ (ਸਿਰਫ਼ ਅੰਗਰੇਜ਼ੀ ਵਿੱਚ): ਇਹ ਕੋਰਸ ਲੋਕਾਂ ਨੂੰ ਕਾਰਜ ਅਸਥਾਨ ਨਿਰੀਖਣ ਦੀਆਂ ਲੋੜਾਂ ਅਤੇ ਮਕਸਦ ਸਮਝਾਉਣ, ਇਹ ਜਾਣਨ ਲਈ ਕਿ ਤੁਸੀਂ ਕੀ ਲੱਭ ਰਹੇ ਹੋ ਅਤੇ ਖਤਰੇ ਦੀ ਪਛਾਣ ਕਿਵੇਂ ਕਰਨੀ ਹੈ, ਇਸ ਦੀ ਪ੍ਰਕਿਰਿਆ ਕਿ ਨਿਰੀਖਣ ਦੇ ਨਤੀਜੇ ਮਿਲਣ 'ਤੇ ਕੀ ਕਰਨਾ ਚਾਹੀਦਾ ਹੈ, ਅਤੇ ਸੁਧਾਰਾਤਮਕ ਕਾਰਵਾਈਆਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਅਤੇ ਰੁਝਾਨਾਂ ਦੀ ਨਿਗਰਾਨੀ ਅਤੇ ਪਛਾਣ ਕਰਨ ਦੇ ਤਰੀਕੇ ਨੂੰ ਸਮਝਣ ਦਾ ਮੌਕਾ ਦੇਵੇਗਾ।

- ਖਤਰੇ ਦੀ ਪਛਾਣ ਅਤੇ ਜੋਖ਼ਮ ਨਿਯੰਤਰਣ (ਸਿਰਫ਼ ਅੰਗਰੇਜ਼ੀ ਵਿੱਚ): ਇਹ ਜਾਣਨਾ ਕਿ ਕੰਮ ਦੀ ਥਾਂ 'ਤੇ ਕਰਮਚਾਰੀਆਂ ਨੂੰ ਕਿਵੇਂ ਸੱਟ ਲੱਗ ਸਕਦੀ ਹੈ, ਇਹ ਯਕੀਨੀ ਬਣਾਉਣ ਦਾ ਪਹਿਲਾ ਕਦਮ ਹੈ ਕਿ ਉਹ ਸੁਰੱਖਿਅਤ ਹਨ। ਕੰਮ ਦੀ ਥਾਂ 'ਤੇ ਖਤਰਿਆਂ ਨੂੰ ਘਟਾਉਣ ਲਈ ਇੱਕ ਕਿਰਿਆਸ਼ੀਲ ਤਰੀਕੇ ਨਾਲ ਕੀਤੀ ਪਹੁੰਚ, ਘੱਟ ਗੰਭੀਰ ਅਤੇ ਸੱਟ ਦੀਆਂ ਮੁਕਾਬਲਤਨ ਘੱਟ ਦਰਾਂ ਦੀ ਸੰਭਾਵਨਾ ਨੂੰ ਕਾਫੀ ਵਧਾ ਦਿੰਦੀ ਹੈ। ਇਹ ਕੋਰਸ ਵਿਦਿਆਰਥੀਆਂ ਨੂੰ ਉਹਨਾਂ ਦੇ ਕੰਮ ਵਾਲੀ ਥਾਂ ਦੇ ਖਤਰਨਾਕ ਤੱਤਾਂ ਦੀ ਪਛਾਣ ਕਰਨ, ਮੁਲਾਂਕਣ ਕਰਨ ਅਤੇ ਉਹਨਾਂ ਨੂੰ ਨਿਯੰਤਰਿਤ ਕਰਨ ਲਈ ਲੋੜੀਂਦਾ ਵਿਹਾਰਕ ਗਿਆਨ ਪ੍ਰਦਾਨ ਕਰੇਗਾ ਤਾਂ ਜੋ ਉਹ ਖਤਰਨਾਕ ਘਟਨਾਵਾਂ ਨੂੰ ਰੋਕਣ ਵਿੱਚ ਆਪਣੀ ਭੂਮਿਕਾ ਨਿਭਾ ਸਕਣ।

- ਦੁਰਘਟਨਾ ਦੀ ਰਿਪੋਰਟਿੰਗ ਅਤੇ ਜਾਂਚ: ਕੰਮ ਦੀ ਥਾਂ 'ਤੇ ਲਾਜ਼ਮੀ ਤੌਰ 'ਤੇ ਉਸ ਨਾਲ ਜੁੜੀਆਂ ਸੱਟਾਂ, ਬਿਮਾਰੀਆਂ ਅਤੇ ਖਤਰਨਾਕ ਘਟਨਾਵਾਂ ਦੀ ਰਿਪੋਰਟ ਕਰਨ ਲਈ ਇੱਕ ਪ੍ਰਕਿਰਿਆ ਹੋਣੀ ਚਾਹੀਦੀ ਹੈ। ਇਹ ਰਿਪੋਰਟਾਂ ਪ੍ਰਾਪਤ ਹੋਣ ਤੋਂ ਬਾਅਦ, ਇਹ ਯਕੀਨੀ ਬਣਾਉਣ ਲਈ ਵੀ ਇੱਕ ਪ੍ਰਕਿਰਿਆ ਲਾਜ਼ਮੀ ਹੋਣੀ ਚਾਹੀਦੀ ਹੈ ਕਿ ਮੁੜ ਵਾਪਰਨ ਨੂੰ ਰੋਕਣ ਲਈ ਜਾਂਚ ਪੂਰੀ ਕੀਤੀ ਜਾਂਦੀ ਹੈ।

- ਫਲੀਟ ਸੇਫਟੀ ਮੈਨੇਜਰ: ਸੇਫਟੀ ਮੈਨੇਜਰ ਦੀ ਭੂਮਿਕਾ ਸੰਗਠਨ ਦੇ ਸਾਰੇ ਖੇਤਰਾਂ ਨੂੰ ਸਮੁੱਚੀ ਸਹਾਇਤਾ ਅਤੇ ਮਾਰਗਦਰਸ਼ਨ ਮੁਹੱਈਆ ਕਰਨਾ ਹੈ। ਉਹ ਸੰਗਠਨ ਦੇ ਅੰਦਰ ਸੁਰੱਖਿਆ ਦਾ ਸੱਭਿਆਚਾਰ ਬਣਾਉਣ ਲਈ ਛੋਟੇ ਅਤੇ ਲੰਬੇ ਸਮੇਂ ਦੀਆਂ ਰਣਨੀਤੀਆਂ ਤਿਆਰ ਕਰਨ ਵਿੱਚ ਲੀਡਰਸ਼ਿਪ ਟੀਮ ਨਾਲ ਤਾਲਮੇਲ ਕਰਦੇ ਹਨ।

ਕਿਰਪਾ ਕਰਕੇ ਨੋਟ ਕਰੋ ਕਿ RPM ਕੋਰਸ ਸਿਰਫ਼ RPM ਰਜਿਸਟਰਡ ਕੰਪਨੀਆਂ ਨੂੰ ਹੀ ਪ੍ਰਦਾਨ ਕੀਤੇ ਜਾਂਦੇ ਹਨ। ਤੁਹਾਡੀ ਕੰਪਨੀ ਲਾਜ਼ਮੀ ਤੌਰ 'ਤੇ RPM ਨਾਲ ਰਜਿਸਟਰਡ ਹੋਣੀ ਚਾਹੀਦੀ ਹੈ ਅਤੇ ਪ੍ਰਮਾਣੀਕਰਣ ਲਈ ਕੰਮ ਕਰਨ ਦੀ ਪ੍ਰਕਿਰਿਆ ਵਿੱਚ ਹੋਣੀ ਚਾਹੀਦੀ ਹੈ ਜਾਂ ਮਾਨਤਾ ਦਾ ਸੁਰੱਖਿਅਤ ਕੰਮ ਮੈਨੀਟੋਬਾ ਟਰੱਕਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਹੋਣਾ ਚਾਹੀਦਾ ਹੈ। ਅਜੇ ਤੱਕ RPM ਪ੍ਰੋਗਰਾਮ ਵਿੱਚ ਰਜਿਸਟਰ ਨਹੀਂ ਹੋਈ ਹੈ? ਸ਼ੁਰੂਆਤ ਕਰਨ ਲਈ ਅੱਜ ਦਾ ਦਿਨ ਬਹੁਤ ਵਧੀਆ ਹੈ!

ਕਿਰਪਾ ਕਰਕੇ info@rpmsafety.ca 'ਤੇ ਈਮੇਲ ਜਾਂ 204-632-6600 'ਤੇ ਕਾਲ ਕਰ ਕੇ, ਜਾਂ ਸਾਡੀ ਵੈੱਬਸਾਈਟ www.rpmsafety.ca 'ਤੇ ਜਾ ਕੇ RPM ਨਾਲ ਸੰਪਰਕ ਕਰੋ